# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3. ਸਮੂਹ  ਜ਼ਿਲ੍ਹਾ ਮੈਥ ਕੋਆਰਡੀਨੇਟਰ
3. ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/55514-55571
ਮਿਤੀ,ਚੰਡੀਗੜ੍ਹ 31-08-2010

**ਹਵਾਲਾ :-** **ਐਸਐਸਏ/ਐਮਸੀ**/2010/40948-41007 **ਮਿਤੀ** 15-05-2009।

**ਵਿਸ਼ਾ :-** **ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਪਹਾੜਿਆਂ ਨੂੰ ਯਾਦ ਕਰਵਾਉਣ ਬਾਰੇ।**

1.0 ਉਪਰੋਕਤ ਹਵਾਲਾ ਅਧੀਨ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਮੇਂ ਸਮੇਂ ਤੇ ਇਸ ਦਫ਼ਤਰ ਵੱਲੋਂ ਨਿਰੀਖਣ ਦੌਰਾਨ ਪਾਇਆ ਗਿਆ ਕਿ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਵਿਸ਼ੇਸ਼ ਕਰਕੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪਹਾੜੇ ਘੱਟ ਆਉਂਦੇ ਹਨ, ਜਿਸ ਕਾਰਨ ਉਹ ਮੈਥ ਵਿਸ਼ੇ ਵਿੱਚ ਕਮਜ਼ੋਰ ਹੋ ਜਾਂਦੇ ਹਨ ਅਤੇ ਮੈਥ ਵਿਸ਼ੇ ਵਿੱਚ ਵਿਦਿਆਰਥੀਆਂ ਦਾ ਰੁਝਾਨ ਘੱਟ ਹੋ ਜਾਂਦਾ ਹੈ। ਇਸ ਲਈ ਇਸ ਦਫ਼ਤਰ ਵੱਲੋਂ ਹਦਾਇਤ ਕੀਤੀ ਜਾਂਦੀ ਹੈ ਕਿ ਛੇਵੀਂ ਜਮਾਤ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਛੇਵੀਂ ਜਮਾਤ ਨੂੰ 20 ਤੱਕ ਦੂਹਰੇ ਪਹਾੜੇ, ਸੱਤਵੀਂ ਜਮਾਤ ਨੂੰ 25 ਤੱਕ ਦੂਹਰੇ ਪਹਾੜੇ ਅਤੇ ਅੱਠਵੀਂ ਜਮਾਤ ਨੂੰ 30 ਤੱਕ ਦੂਹਰੇ ਪਹਾੜੇ ਜ਼ਰੂਰ ਆਉਣੇ ਚਾਹੀਦੇ ਹਨ। ਇਸ ਲਈ ਜੇਕਰ ਸਵੇਰ ਦੀ ਸਭਾ ਵਿੱਚ ਸਮਾਂ ਮਿਲੇ ਜਾਂ ਗਣਿਤ ਅਧਿਆਪਕ ਆਪਣੇ ਪੀਰੀਅਡ ਵਿੱਚ ਹਫ਼ਤੇ ਦੇ ਕਿਸੇ ਇੱਕ ਦਿਨ, ਇਹਨਾਂ ਪਹਾੜਿਆਂ ਨੂੰ ਵਿਦਿਆਰਥੀਆਂ ਤੋਂ ਜ਼ਰੂਰ ਬੁਝਾਵੇ । ਗਣਿਤ ਅਧਿਆਪਕ ਹਫ਼ਤੇ ਵਿੱਚ ਇੱਕ ਦਿਨ ਆਪਣੇ ਪੀਰੀਅਡ ਦੌਰਾਨ ਪਹਾੜਿਆਂ ਦਾ ਢੁੱਕਵਾਂ ਮੌਖਿਕ ਟੈਸਟ ਵੀ ਲਏ।

2.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਉਪਰੋਕਤ ਸਬੰਧੀ ਸਬੰਧਤ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਜਾਣੂ ਕਰਵਾ ਦਿੱਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**